بِسْمِ اللّٰہِ الرَّحْمٰنِ الرَّحِیْم نَحْمَدُہٗ وَ نُصَلِّی عَلٰی رَسُوْلِہِ الْکَرِیْم وَعَلٰی عَبْدِہِ الْمَسِیْحِ الْمَوْعُوْد
لَا اِلٰہَ اِلَّا اللّٰہُ مُحَمَّدٌ رَّسُوْلُ اللّٰہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਖੰਦਕ ਦੀ ਰੌਸ਼ਨੀ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦਾ ਬਿਆਨ
# ਦੁਨੀਆਂ ਦੇ ਹਾਲਾਤ ਅਤੇ ਪਾਕਿਸਤਾਨ ਤੇ ਬੰਗਲਾਦੇਸ਼ ਦੇ ਅਹਮਦੀਆਂ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 04 ਅਕਤੂਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੁ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ـ بِسْمِ اللّٰهِ الرَّحْمٰنِ الرَّحِيْمِ ـ اَلْحَمْدُ لِلّٰهِ رَبِّ الْعٰلَمِيْنَ ـ الرَّحْمٰنِ الرَّحِيْمِ ـ مٰلِكِ يَوْمِ الدِّيْنِ ـ إِيَّاكَ نَعْبُدُ وَإِيَّاكَ نَسْتَعِيْنُ ـ اِهْدِنَا الصِّرَاطَ الْمُسْتَقِيْمَ ـ صِرَاطَ الَّذِيْنَ أَنْعَمْتَ عَلَيْهِمْ ـ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਖੁਤਬਾਤ ਵਿੱਚ ਅੱਜ ਕੱਲ੍ਹ ਜੰਗੇ ਅਹਜ਼ਾਬ ਦਾ ਜ਼ਿਕਰ ਹੋ ਰਿਹਾ ਹੈ। ਜੰਗੇ ਅਹਜ਼ਾਬ ਦਾ ਹੋਰ ਵਿਸਥਾਰ ਇੰਝ ਬਿਆਨ ਹੋਇਆ ਹੈ ਕਿ ਜੱਦ ਮੁਸ਼ਰਿਕਾਂ ਨੂੰ ਖੰਦਕ ਪਾਰ ਕਰਨ ਦੇ ਬਾਦ ਵੀ ਕੋਈ ਕਾਮਯਾਬੀ ਨਸੀਬ ਨ ਹੋਈ ਅਤੇ ਸਖਤ ਬੇਇਜ਼ਤੀ ਦਾ ਸਾਮ੍ਹਣਾ ਕਰਨਾ ਪਿਆ ਤਾਂ ਉਨ੍ਹਾਂ ਨੇ ਗੱਠਜੋੜ੍ਹ ਕੀਤਾ ਕਿ ਉਹ ਸਾਰੇ ਮਿਲ ਕੇ ਸਵੇਰੇ ਹਮਲਾ ਕਰਨਗੇ। ਸੋ, ਸਵੇਰੇ ਸਾਰੀਆਂ ਨੇ ਮਿਲ ਕੇ ਖੰਦਕ ਨੂੰ ਘੇਰ ਲਿਆ। ਖੰਦਕ ਨੂੰ ਪਾਰ ਕਰਨ ਦੀ ਕੋਸ਼ਿਸ਼ ਨਾਲ ਸਖਤ ਤੀਰ ਅੰਦਾਜ਼ੀ ਦਾ ਮੁਕਾਬਲਾ ਹੋਇਆ। ਕੁਫ਼ਾਰ, ਮੁਸਲਮਾਨਾਂ ਵਲੋਂ ਕਿਸੇ ਸੁਸਤੀ ਦੀ ਉਡੀਕ ਵਿੱਚ ਸਨ। ਇਹ ਕੋਸ਼ਿਸ਼ਾਂ ਅਤੇ ਹਮਲੇ ਵਾਰ ਵਾਰ ਹੁੰਦੇ ਰਹੇ। ਉਸੇ ਸਮੇਂ ਵਹਸ਼ੀ ਬਿਨ ਹਰਬ ਨੇ ਹਜ਼ਰਤ ਤੁਫੈਲ ਬਿਨ ਨੁਮਾਨ ਜਾਂ ਹਜ਼ਰਤ ਤੁਫੈਲ ਬਿਨ ਮਾਲਿਕ ਬਿਨ ਨੁਮਾਨ ਅਨੰਸਾਰੀ ਰਜ਼ੀ ਅੱਲਾਹ ਅੰਨਹੁ ਨੂੰ ਆਪਣਾ ਨਿੱਕਾ ਨੇਜ਼ਾ ਮਾਰ ਕੇ ਸ਼ਹੀਦ ਕਰ ਦਿੱਤਾ। ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੂੰ ਵੀ ਤੀਰ ਲੱਗਿਆ ਅਤੇ ਆਪ ਰਜ਼ੀ ਅੱਲਾਹ ਅੰਨਹੁ ਵੀ ਜ਼ਖਮੀ ਹੋ ਗਏ ਅਤੇ ਇਸੇ ਜ਼ਖਮ ਕਰਕੇ ਕੁੱਝ ਦਿਨਾਂ ਬਾਦ ਉਹ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਗਏ।

ਇਹੀ ਉਹ ਦਿਨ ਸੀ ਕਿ ਜਿਸ ਦਿਨ ਮੁਸਲਮਾਨਾਂ ਲਈ ਸਖਤ ਹਮਲਿਆਂ ਅਤੇ ਵਿਅਸਤ ਹੋਣ ਕਰਕੇ ਨਮਾਜ਼ ਵੀ ਆਪਣੇ ਸਮੇਂ ਉੱਤੇ ਪੜ੍ਹਨਾ ਮੁਸ਼ਕਿਲ ਹੋ ਗਿਆ ਸੀ। ਉਸ ਦਿਨ ਮੁਸਲਮਾਨ ਨਮਾਜ਼ ਤਾਂ ਪੜ੍ਹਦੇ ਰਹੇ। ਪਰ ਇੱਕ ਨਿਰੰਤਰ ਡਰ ਅਤੇ ਪਰੇਸ਼ਾਨੀ ਵਿੱਚ ਨਮਾਜਾਂ ਅਦਾ ਕੀਤੀਆਂ। ਅਸਰ ਦੇ ਸਮੇਂ ਸਖਤ ਹਮਲੇ ਕਰਕੇ ਅਸਰ ਦੀ ਨਮਾਜ਼ ਤੰਗ ਸਮੇਂ ਵਿੱਚ ਪੜ੍ਹੀ ਗਈ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਉਸ ਸਮੇਂ ਤੱਕ ਕਿਉਂਕਿ **ਨਮਾਜ਼ੇ ਖੌਫ਼** ਸ਼ੁਰੂ ਨਹੀਂ ਹੋਈ ਸੀ। ਇਸ ਲਈ ਨਿਰੰਤਰ ਖਤਰੇ ਅਤੇ ਵਿਅਸਤ ਹੋਣ ਕਰਕੇ ਕੇਵਲ ਇੱਕ ਨਮਾਜ਼ ਅਰਥਾਤ ਅਸਰ ਦੀ ਨਮਾਜ਼ ਨਿਰਧਾਰਿਤ ਸਮੇਂ ਤੋਂ ਅੱਗੇ ਨਿਕਲ ਗਈ ਸੀ। ਕੁੱਝ ਸਾਖੀਆਂ ਅਨੁਸਾਰ ਕੇਵਲ ਜ਼ੋਹਰ ਅਤੇ ਅਸਰ ਦੀ ਨਮਾਜ਼ਾਂ ਸਮਾਂ ਨਿਕਲਣ ਦੇ ਬਾਦ ਅਦਾ ਕੀਤੀਆਂ ਗਈਆਂ ਸਨ।

ਨਮਾਜ਼ਾਂ ਸਮੇਂ ਸਿਰ ਅਦਾ ਨ ਕਰਨ ਸੰਬੰਧੀ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਫ਼ਰਮਾਇਆ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਇਸ ਦਾ ਇੰਨ੍ਹਾਂ ਦੁੱਖ ਲੱਗਿਆ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ : ਰੱਬ ਕੁਫ਼ਾਰ ਨੂੰ ਸਜ਼ਾ ਦੇਵੇ। ਉਨ੍ਹਾਂ ਨੇ ਸਾਡੀਆਂ ਨਮਾਜ਼ਾਂ ਖਰਾਬ ਕੀਤੀਆਂ ਹਨ। ਇਸ ਤੋਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਆਚਰਣ ਉੱਤੇ ਬਹੁਤ ਡੂੰਗੀ ਰੌਸ਼ਨੀ ਪੈਂਦੀ ਹੈ ਅਤੇ ਪਤਾ ਲੱਗਦਾ ਹੈ ਕਿ ਦੁਨੀਆਂ ਵਿੱਚ ਸਭ ਤੋਂ ਵੱਧ ਪਿਆਰੀ ਚੀਜ਼ ਆਪ ਸੱਲਲਾਹੁ ਅਲੈਹਿ ਵੱਸਲਮ ਲਈ ਰੱਬ ਦੀ ਇਬਾਦਤ ਸੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਨ੍ਹਾਂ ਸਾਰੀਆਂ ਸਾਖੀਆਂ ਨੂੰ ਜਿਨ੍ਹਾਂ ਵਿੱਚ ਸਾਰੀ ਨਮਾਜਾਂ ਦਾ ਰਾਤ ਦੇ ਸਮੇਂ ਅਦਾ ਹੋਣ ਦਾ ਜ਼ਿਕਰ ਹੈ, ਕਮਜ਼ੋਰ ਕਰਾਰ ਦਿੱਤਾ ਹੈ। ਫ਼ਰਮਾਇਆ ਕਿ ਕਿਸੇ ਭਰੋਸੇਯੋਗ ਹਦੀਸ ਵਿੱਚ 04 ਨਮਾਜਾਂ ਜਮ੍ਹਾਂ ਕਰਨ ਦਾ ਜ਼ਿਕਰ ਨਹੀਂ ਹੈ। ਫ਼ਤਹੁੱਲ ਬਾਰੀ ਸ਼ਰਹ ਸਹੀ ਬੁਖਾਰੀ ਵਿੱਚ ਲਿੱਖਿਆ ਹੈ ਕਿ ਕਿੱਸਾ ਕੇਵਲ ਇੰਝ ਹੋਇਆ ਸੀ ਕਿ ਇੱਕ ਨਮਾਜ਼ ਅਰਥਾਤ ਅਸਰ ਦੀ ਨਮਾਜ਼ ਤੰਗ ਸਮੇਂ ਵਿੱਚ ਪੜ੍ਹੀ ਗਈ। ਹਜ਼ਰਤ ਜਾਬਿਰ ਬਿਨ ਅਬਦੁੱਲਾਹ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਜ਼ੌਹਰ ਤੇ ਅਸਰ ਦੇ ਵਿੱਚਕਾਰ ਆਏ। ਆਪਣੇ ਉੱਤੇ ਦੀ ਚਾਦਰ ਰੱਖ ਦਿੱਤੀ। ਹੱਥ ਉੱਚੇ ਕੀਤੇ ਅਤੇ ਅਹਜ਼ਾਬ ਦੇ ਖਿਲਾਫ ਦੁਆ ਕੀਤੀ। ਹਜ਼ਰਤ ਜਾਬਿਰ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਅਸੀਂ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਚਿਹਰੇ ਵਿੱਚ ਖੁਸ਼ੀ ਪਛਾਣ ਲਈ। ਇੱਕ ਸਾਖੀ ਵਿੱਚ ਹੈ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਤੁਸੀਂ ਦੁਸ਼ਮਣ ਨਾਲ ਮੁਕਾਬਲੇ ਦੀ ਇੱਛਾ ਨ ਕਰੋ ਅਤੇ ਰੱਬ ਦੀ ਪਨਾਹ ਮੰਗੋ। ਪਰ ਜੇਕਰ ਤੁਹਾਡਾ ਦੁਸ਼ਮਣ ਨਾਲ ਮੁਕਾਬਲਾ ਹੋ ਜਾਵੇ ਤਾਂ ਫਿਰ ਸਬਰ ਕਰੋ ਅਤੇ ਜਾਣ ਲਓ ਕਿ ਸਵਰਗ ਤਲਵਾਰਾਂ ਦੇ ਹੇਠਾਂ ਹੈ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਦੁਆ ਕੀਤੀ ਕਿ ਹੇ ਰੱਬ ! ਹੇ ਕਿਤਾਬ ਭੇਜਣ ਵਾਲੇ ! ਹੇ ਛੇਤੀ ਹਿਸਾਬ ਲੈਣ ਵਾਲੇ ! ਤੂੰ ਲਸ਼ਕਰਾਂ ਨੂੰ ਮਾਤ ਦੇ। ਹੇ ਰੱਬ ! ਉਨ੍ਹਾਂ ਨੂੰ ਹਰਾ ਦੇ ਅਤੇ ਉਨ੍ਹਾਂ ਦੇ ਖਿਲਾਫ ਸਾਡੀ ਮਦਦ ਕਰ। ਇੱਕ ਹੋਰ ਸਾਖੀ ਵਿੱਚ ਇਹ ਦੁਆ ਵੀ ਦਰਜ ਹੈ ਕਿ ਹੇ ਰੱਬ ! ਮੈਂ ਤੈਨੂੰ ਤੇਰੇ ਅਹਦ ਅਤੇ ਵਚਨ ਦਾ ਵਾਸਤਾ ਦਿੰਦਾ ਹਾਂ। ਹੇ ਰੱਬ ! ਜੇਕਰ ਤੂੰ ਚਾਹੇ ਤਾਂ ਇਹ ਇਬਾਦਤ ਨ ਕੀਤੀ ਜਾਵੇ।

ਹਜ਼ਰਤ ਅਬੂ ਸਈਦ ਖੁਦਰੀ ਰਜ਼ੀ ਅੱਲਾਹ ਅੰਨਹੁ ਸਾਖੀ ਬਿਆਨ ਕਰਦੇ ਹਨ ਕਿ ਅਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਪੁੱਛਿਆ ਕਿ ਹੇ ਅੱਲਾਹ ਦੇ ਰਸੂਲ ! ਕਲੇਜਾ ਮੂੰਹ ਨੂੰ ਆ ਗਿਆ ਹੈ। ਕੀ ਸਾਡੇ ਕਹਿਣ ਨੂੰ ਕੋਈ ਗੱਲ੍ਹ ਹੈ ? ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਹਾਂ ! ਇਹ ਦੁਆ ਕਰੋ ਕਿ ਹੇ ਰੱਬ ! ਸਾਡੀਆਂ ਕਮਜ਼ੋਰੀਆਂ ਉੱਤੇ ਪਰਦਾ ਪਾ ਦੇ ਅਤੇ ਸਾਡੇ ਖੌਫ਼ ਦੂਰ ਕਰਦੇ।

ਜੰਗ ਇੰਝ ਹੀ ਆਪਣੇ ਸ਼ਿਖਰ ਉੱਤੇ ਸੀ ਅਤੇ ਮੱਕੇ ਦੇ ਕੁਰੇਸ਼ ਤੇ ਉਨ੍ਹਾਂ ਨੇ ਸਾਥੀ ਕਬੀਲੇ ਹੁਣ ਨਿਰੰਤਰ ਘੇਰਾਓ ਤੋਂ ਤੰਗ ਆ ਗਏ ਸਨ ਅਤੇ ਛੇਤੀ ਤੋਂ ਛੇਤੀ ਕੋਈ ਫੈਸਲਾ ਕਰਨ ਵਾਲਾ ਹਮਲਾ ਕਰਕੇ ਮੁਸਲਮਾਨਾਂ ਦਾ ਅੰਤ ਕਰਨਾ ਚਾਹੁੰਦੇ ਸਨ। ਕੁਫ਼ਾਰ ਦੇ ਸਰਦਾਰ ਇਹ ਤਰਕੀਬ ਬਣਾ ਰਹੇ ਸਨ। ਪਰ ਦੂਜੇ ਪਾਸੇ ਰੱਬ ਉਨ੍ਹਾਂ ਦੇ ਇਰਾਦਿਆਂ ਨੂੰ ਮਿੱਟੀ ਵਿੱਚ ਮਿਲਾਉਣ ਦਾ ਫੈਸਲਾ ਕਰ ਚੁੱਕਿਆ ਸੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਇੱਕ ਵਿਅਕਤੀ ਨੁਐਮ ਬਿਨ ਮਸਊਦ ਜੋ ਕਬੀਲਾ ਗਤਫ਼ਾਨ ਦੀ ਸ਼ਾਖ ਕਬੀਲਾ ਅਸ਼ਜਾਅ ਨਾਲ ਸੰਬੰਧ ਰੱਖਦੇ ਸਨ। ਜੋ ਇਸ ਜੰਗ ਵਿੱਚ ਮੁਸਲਮਾਨਾਂ ਨਾਲ ਲੜ੍ਹ ਰਹੇ ਸਨ। ਪਰ ਇਹ ਵਿਅਕਤੀ ਦਿਲੋਂ ਮੁਸਲਮਾਨ ਹੋ ਗਿਆ ਸੀ। ਕੁਫ਼ਾਰ ਉਸ ਦੇ

ਇਸਲਾਮ ਕਬੂਲ ਕਰਨ ਤੋਂ ਹਾਲੇ ਬੇਖਬਰ ਸਨ। ਸੋ, ਉਸ ਨੇ ਉਸ ਤੋਂ ਲਾਭ ਚੁੱਕਿਆ ਕਿ ਇੱਕ ਦਿਨ ਉਹ ਮਦੀਨਾ ਪਹੁੰਚ ਗਿਆ ਅਤੇ ਸਭ ਤੋਂ ਪਹਿਲਾਂ ਬਨੂ ਕੁਰੇਜ਼ਾ ਦੇ ਕੋਲ੍ਹ ਗਿਆ ਅਤੇ ਕਿਉਂਕਿ ਨੂਐਮ ਦੇ ਬਨੂ ਕੁਰੇਜ਼ਾ ਦੇ ਸਰਦਾਰਾਂ ਨਾਲ ਪੁਰਾਣੇ ਸੰਬੰਧ ਸਨ। ਸੋ, ਉਸ ਨੇ ਬਨੂ ਕੁਰੇਜ਼ਾ ਦੇ ਸਰਦਾਰਾਂ ਨੂੰ ਕਿਹਾ ਕਿ ਮੇਰੇ ਖਿਆਲ ਵਿੱਚ ਤੁਸੀਂ ਇਹ ਚੰਗਾ ਨਹੀਂ ਕੀਤਾ ਕਿ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਦੇ ਨਾਲ ਗੱਦਾਰੀ ਕਰਕੇ ਗਤਫ਼ਾਨ ਤੇ ਕੁਰੇਸ਼ ਦੇ ਨਾਲ ਮਿਲ ਗਏ। ਉਹ ਦੋਵੇਂ ਤਾਂ ਇੱਥੇ ਕੁੱਝ ਦਿਨਾਂ ਦੇ ਮਹਿਮਾਨ ਹਨ। ਪਰ ਤੁਸੀਂ ਤਾਂ ਇੱਥੇ ਹੀ ਰਹਿਣਾ ਹੈ। ਯਾਦ ਰੱਖੋ ਕਿ ਕੁਰੇਸ਼ ਤੇ ਗਤਫ਼ਾਨ ਜਾਂਦੇ ਹੋਏ ਤੁਹਾਨੂੰ ਮੁਸਲਮਾਨਾਂ ਦੇ ਰਹਿਮ ਉੱਤੇ ਛੱਡ ਜਾਣਗੇ। ਇਸ ਲਈ ਘੱਟੋ ਘੱਟ ਇੰਝ ਕਰੋ ਕਿ ਕੁਰੇਸ਼ ਤੇ ਗਤਫ਼ਾਨ ਆਪਣੇ ਕੁੱਝ ਵਿਅਕਤੀ ਜ਼ਮਾਨਤ ਵਜੋਂ ਤੁਹਾਡੇ ਨਾਲ ਕਰ ਦੇਣ ਤਾਂ ਕਿ ਤੁਹਾਨੂੰ ਸਕੂਨ ਰਹੇ ਕਿ ਤੁਹਾਡੇ ਨਾਲ ਕੋਈ ਗੱਦਾਰੀ ਨਹੀਂ ਹੋਵੇਗੀ। ਉਸ ਦੇ ਬਾਦ ਨੂਐਮ ਬਿਨ ਮਸਊਦ ਕੁਰੇਸ਼ ਦੇ ਕੋਲ੍ਹ ਗਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਬਨੂ ਕੁਰੇਜ਼ਾ ਤੁਹਾਡੇ ਵਲੋਂ ਡਰਦੇ ਹਨ ਅਤੇ ਤੁਹਾਡੇ ਕੁੱਝ ਵਿਅਕਤੀ ਕੈਦ ਕਰਨ ਦਾ ਇਰਾਦਾ ਰੱਖਦੇ ਹਨ। ਪਰ ਤੁਸੀਂ ਕਦੇ ਵੀ ਇੰਝ ਨ ਕਰਨਾ। ਇੰਝ ਹੀ ਉਸ ਨੇ ਬਨੂ ਗਤਫ਼ਾਨ ਨਾਲ ਵੀ ਅਜਿਹੀਆਂ ਗੱਲ੍ਹਾਂ ਕੀਤੀਆਂ। ਰੱਬ ਦੀ ਕਰਨੀ ਅਜਿਹੀ ਹੋਈ ਕਿ ਉਨ੍ਹਾਂ ਦਿਨਾਂ ਵਿੱਚ ਕੁਰੇਸ਼ ਤੇ ਗਤਫ਼ਾਨ ਇਹ ਇਰਾਦਾ ਕਰ ਰਹੇ ਸਨ ਕਿ ਮੁਸਲਮਾਨਾਂ ਉੱਤੇ ਹਰ ਪਾਸਿਓਂ ਇੱਕ ਹੀ ਸਮੇਂ ਹਮਲਾ ਕੀਤਾ ਜਾਵੇ ਤਾਂ ਕਿ ਮੁਸਲਮਾਨ ਘੱਟ ਗਿਣਤੀ ਕਰਕੇ ਉਸ ਦਾ ਮੁਕਾਬਲਾ ਨ ਕਰ ਸਕਣ ਅਤੇ ਕਿੱਥੇ ਨ ਕਿਥੋਂ ਉਨ੍ਹਾਂ ਦੀ ਲਾਈਨ ਟੁੱਟ ਜਾਵੇ ਅਤੇ ਹਮਲਾ ਕਰਨ ਵਾਲੇ ਆਸਾਨੀ ਨਾਲ ਮਦੀਨੇ ਵਿੱਚ ਦਾਖਲ ਹੋ ਸਕਣ। ਇਸ ਸੁਝਾਵ ਅਨੁਸਾਰ ਬਨੂ ਕੁਰੇਜ਼ਾ ਨੂੰ ਸੰਦੇਸ਼ ਭੇਜਿਆ ਗਿਆ ਤਾਂ ਉਨ੍ਹਾਂ ਨੇ ਉੱਤਰ ਭੇਜਿਆ ਕਿ ਕੱਲ੍ਹ ਤਾਂ ਸਾਡਾ **ਸਬਤ** ਦਾ ਦਿਨ ਹੈ। ਇਸ ਲਈ ਅਸੀਂ ਮੁਆਫੀ ਚਾਹੁਣੇ ਆ ਅਤੇ ਜੱਦ ਤੱਕ ਤੁਸੀਂ ਆਪਣੇ ਕੁੱਝ ਲੋਕ ਜ਼ਮਾਨਤ ਵਜੋਂ ਸਾਡੇ ਕੋਲ੍ਹ ਨ ਭੇਜੋ। ਅਸੀਂ ਇਸ ਹਮਲੇ ਵਿੱਚ ਸ਼ਾਮਿਲ ਨਹੀਂ ਹੋਵਾਂਗੇ। ਇਸ ਗੱਲ੍ਹ ਦੇ ਸਾਮ੍ਹਣੇ ਆਉਂਦੇ ਹੀ ਦੋਵੇਂ ਪਾਸੇ ਨੁਐਮ ਦੀਆਂ ਗੱਲ੍ਹਾਂ ਦੀ ਤਸਦੀਕ ਹੋ ਗਈ ਅਤੇ ਦੋਵੇਂ ਪਾਸੇ ਦੇ ਲੋਕਾਂ ਦੇ ਦਿਲ ਖਰਾਬ ਹੋ ਗਏ। ਬਨੂ ਗਤਫ਼ਾਨ ਅਤੇ ਕੁਰੇਸ਼ ਨੇ ਸੰਦੇਸ਼ ਭੇਜਿਆ ਕਿ ਅਸੀਂ ਕੈਦੀ ਨਹੀਂ ਦਿਆਂਗੇ। ਤੁਸੀਂ ਆਉਣਾ ਹੈ ਤਾਂ ਇੰਝ ਹੀ ਆਓ। ਇਸ ਉੱਤੇ ਬਨੂ ਕੁਰੇਜ਼ਾ ਨੂੰ ਯਕੀਨ ਹੋ ਗਿਆ ਕਿ ਗਤਫ਼ਾਨ ਤੇ ਕੁਰੇਸ਼ ਦੀ ਨਿੱਯਤ ਸਾਫ ਨਹੀਂ ਹੈ ਅਤੇ ਇੰਝ ਨੂਐਮ ਦੀ ਇਹ ਸਕੀਮ ਕਾਮਯਾਬ ਹੋ ਗਈ।

ਫਿਰ ਰੱਬ ਦੀ ਮਦਦ ਮੁਸਲਮਾਨਾਂ ਦੇ ਹੱਕ ਵਿੱਚ ਇੱਕ ਦਿਨ ਸਖਤ ਹਨ੍ਹੇਰੀ ਦੀ ਸ਼ਕਲ ਵਿੱਚ ਪ੍ਰਕਟ ਹੋਈ। ਇਸ ਦਾ ਵਿਸਥਾਰ ਕੁੱਝ ਇੰਝ ਹੈ ਕਿ ਇੱਕ ਰਾਤ ਜੱਦ ਸਖਤ ਸਰਦੀ ਸੀ। ਰੱਬ ਨੇ ਇਸ ਜ਼ੋਰ ਦੀ ਹਨ੍ਹੇਰੀ ਭੇਜੀ ਕਿ ਜਿਸ ਨੇ ਕੁਫ਼ਾਰ ਦੇ ਦੇਗਾਂ ਨੂੰ ਪਲਟ ਦਿੱਤਾ ਅਤੇ ਭਾਂਡੇ ਉਲਟ ਦਿੱਤੇ। ਇਸ ਹਨ੍ਹੇਰੀ ਨੇ ਕੁਫ਼ਾਰ ਦੀ ਅੱਖਾਂ ਭਰ ਦਿੱਤੀਆਂ ਉਨ੍ਹਾਂ ਵਿੱਚ ਕਮਜ਼ੋਰੀ ਅਤੇ ਡਰ ਦਾਖਲ ਕਰ ਦਿੱਤਾ ਅਤੇ ਮੁਸ਼ਰਿਕ ਪਿੱਛੇ ਹੱਟ ਗਏ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਖੌਫ਼ਨਾਕ ਹਨ੍ਹੇਰੀ ਦਾ ਵਿਸਥਾਰ ਬਿਆਨ ਕਰਨ ਦੇ ਬਾਦ ਫ਼ਰਮਾਉਂਦੇ ਹਨ ਕਿ ਇਨ੍ਹਾਂ ਨਜ਼ਾਰਿਆਂ ਨੇ ਕੁਫ਼ਾਰ ਦੇ ਦਿਲਾਂ ਨੂੰ ਜੋ ਪਹਿਲਾਂ ਹੀ ਘੇਰਾਓ ਦੀ ਲੰਮੀ ਤਕਲੀਫ ਅਤੇ ਇਕੱਠ ਦੇ ਆਪਸੀ ਧੋਖੇ ਨਾਲ ਹਿਲ ਰਹੇ ਸਨ। ਇੱਕ ਅਜਿਹਾ ਧੱਕਾ ਲਾਇਆ ਕਿ ਫਿਰ ਉਹ ਸੰਭਲ ਨ ਸਕੇ ਅਤੇ ਸਵੇਰ ਹੋਣ ਤੋਂ ਪਹਿਲਾਂ ਮਦੀਨੇ ਦਾ ਆਸਮਾਨ ਕੁਫ਼ਾਰ ਦੇ ਲਸ਼ਕਰ ਤੋਂ ਸਾਫ ਹੋ ਗਿਆ।

ਜੱਦ ਹਨ੍ਹੇਰੀ ਦਾ ਜ਼ੋਰ ਹੋਇਆ ਤਾਂ ਅਬੂ ਸੁਫ਼ਯਾਨ ਨੇ ਆਸ ਪਾਸ ਦੇ ਕੁਰੇਸ਼ ਦੇ ਸਰਦਾਰਾਂ ਨੂੰ ਸੱਦਿਆ ਅਤੇ ਕਿਹਾ ਸਾਡੀ ਮੁਸ਼ਕਿਲਾਂ ਬਹੁਤ ਵੱਧ ਰਹੀਆਂ ਹਨ। ਹੁਣ ਇੱਥੇ ਬਹੁਤਾ ਰੁੱਕਣਾ ਠੀਕ ਨਹੀਂ ਹੈ। ਇਸ ਲਈ ਚੰਗਾ ਹੈ

ਕਿ ਅਸੀਂ ਪਰਤ ਜਾਈਏ ਅਤੇ ਮੈਂ ਤਾਂ ਜਾ ਰਿਹਾ ਹਾਂ। ਇਹ ਕਹਿ ਕੇ ਉਸ ਨੇ ਆਪਣੇ ਆਦਮੀਆਂ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ ਅਤੇ ਫਿਰ ਊਠ ਉੱਤੇ ਸਵਾਰ ਹੋ ਗਿਆ। ਪਰ ਘਬਰਾਹਟ ਦਾ ਇਹ ਹਾਲ ਸੀ ਕਿ ਊਠ ਦੇ ਪੈਰ ਖੋਲਣਾ ਭੁੱਲ ਗਿਆ। ਸਵਾਰ ਹੋਣ ਦੇ ਬਾਦ ਜੱਦ ਊਂਠ ਤੁਰਿਆ ਨਹੀਂ ਤਾਂ ਉਸ ਨੂੰ ਖਿਆਲ ਆਇਆ। ਉਸ ਸਮੇਂ ਅਕਰਮਾ ਬਿਨ ਅਬੀ ਜਹਲ ਨੇ ਕੁੱਝ ਸਖਤੀ ਨਾਲ ਕਿਹਾ ਕਿ ਅਬੂ ਸੁਫ਼ਯਾਨ ! ਤੂੰ ਲਸ਼ਕਰ ਦਾ ਸਰਦਾਰ ਹੈ ਅਤੇ ਲਸ਼ਕਰ ਨੂੰ ਛੱਡ ਕੇ ਭੱਜ ਰਿਹਾ ਹੈ। ਤੈਨੂੰ ਲਸ਼ਕਰ ਦਾ ਵੀ ਖਿਆਲ ਨਹੀਂ ਹੈ। ਇਸ ਉੱਤੇ ਅਬੂ ਸੁਫ਼ਯਾਨ ਸ਼ਰਮਿੰਦਾ ਹੋਇਆ ਅਤੇ ਊਂਠ ਤੋਂ ਉਤਰ ਕੇ ਕਿਹਾ : ਲਓ ! ਮੈਂ ਨਹੀਂ ਜਾਂਦਾ। ਪਰ ਤੁਸੀਂ ਛੇਤੀ ਛੇਤੀ ਤਿਆਰੀ ਕਰੋ। ਉਸ ਦੇ ਬਾਦ ਜਿਵੇਂ ਜਿਵੇਂ ਦੂਜੇ ਕਬੀਲੀਆਂ ਨੂੰ ਤੁਰਨ ਦੀ ਖਬਰ ਮਿਲਦੀ ਗਈ। ਉਨ੍ਹਾਂ ਨੇ ਵੀ ਤੇਜ਼ੀ ਨਾਲ ਵਾਪਸੀ ਦੀ ਤਿਆਰੀ ਸ਼ੁਰੂ ਕਰ ਦਿੱਤੀ। ਬਨੂ ਕੁਰੇਜ਼ਾ ਵੀ ਆਪਣੇ ਕਿਲ੍ਹਿਆਂ ਵਿੱਚ ਵਾਪਸ ਚਲੇ ਗਏ ਅਤੇ ਉਨ੍ਹਾਂ ਦੇ ਨਾਲ ਬਨੂ ਨਜ਼ੀਰ ਦਾ ਸਰਦਾਰ ਹੁਯੁਈ ਬਿਨ ਅਖਤਬ ਵੀ ਉਨ੍ਹਾਂ ਦੇ ਕਿਲ੍ਹੇ ਵਿੱਚ ਚੱਲਾ ਗਿਆ ਅਤੇ ਸਵੇਰੇ ਸਫ਼ੈਦੀ ਪ੍ਰਕਟ ਹੋਣ ਤੋਂ ਪਹਿਲਾਂ ਸਾਰਾ ਮੈਦਾਨ ਖਾਲੀ ਹੋ ਗਿਆ ਅਤੇ ਮੁਸਲਮਾਨ ਹਾਰਦੇ ਹਾਰਦੇ ਜਿੱਤ ਗਏ।

ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਕੁਫ਼ਾਰ ਦੇ ਪਿੱਛੇ ਹਟਣ ਦੀ ਖਬਰ ਮਿਲੀ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਰੱਬ ਦਾ ਧੰਨਵਾਦ ਕੀਤਾ ਅਤੇ ਫ਼ਰਮਾਇਆ ਕਿ ਇਹ ਸਾਡੀ ਕਿਸੇ ਕੋਸ਼ਿਸ਼ ਦਾ ਨਤੀਜਾ ਨਹੀਂ ਹੈ ਸਗੋਂ ਕੇਵਲ ਰੱਬ ਦੇ ਫ਼ਜ਼ਲ ਕਰਕੇ ਹੈ। ਜਿਸ ਨੇ ਅਹਜ਼ਾਬ ਨੂੰ ਪਿੱਛੇ ਹਟਾਇਆ। ਉਸ ਦੇ ਬਾਦ ਕੁਫ਼ਾਰ ਦੇ ਭੱਜਣ ਦੀ ਖਬਰ ਮੁਸਲਮਾਨਾਂ ਵਿੱਚ ਆਮ ਹੋ ਗਈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਬਾਕੀ ਵਿਸਥਾਰ ਬਾਦ ਵਿੱਚ ਬਿਆਨ ਕਰਾਂਗਾ।

ਦੁਨੀਆਂ ਦੇ ਮੌਜੂਦਾ ਹਾਲਾਤ ਵੱਲ੍ਹ ਧਿਆਨ ਦੁਆਉਂਦੇ ਹੋਏ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਦੁਨੀਆਂ ਦੇ ਹਾਲਾਤ ਜਿਵੇਂ ਕਿ ਪਤਾ ਹੈ ਆਪ ਨੂੰ ਪ੍ਰਤੀ ਦਿਨ ਖਰਾਬ ਹੁੰਦੇ ਜਾਂਦੇ ਹਨ। ਤਬਾਹੀ ਵੱਲ੍ਹ ਜਾ ਰਹੇ ਹਨ। ਅਮਰੀਕਾ ਅਤੇ ਵੱਡੀ ਤਾਕਤਾਂ ਇੰਨਸਾਫ ਨਾਲ ਕੰਮ ਲੈਣਾ ਨਹੀਂ ਚਾਹੁੰਦੀਆਂ। ਜੰਗ ਲੰਮੀ ਹੁੰਦੀ ਜਾ ਰਹੀ ਹੈ। ਰੱਬ ਅਹਮਦੀਆਂ ਅਤੇ ਨਿਰਦੋਸ਼ਾਂ ਨੂੰ ਉਸ ਦੇ ਖੌਫ਼ਨਾਕ ਅਤੇ ਮੰਦੇ ਪ੍ਰਭਾਵਾਂ ਤੋਂ ਬਚਾਏ। ਇਸ ਦੇ ਲਈ ਸਾਨੂੰ ਰੱਬ ਨਾਲ ਸੰਬੰਧ ਵਿੱਚ ਵੱਧਣਾ ਹੋਵੇਗਾ ਅਤੇ ਦੁਆਵਾਂ ਵੱਲ੍ਹ ਬਹੁਤ ਧਿਆਨ ਦੇਣਾ ਹੋਵੇਗਾ। ਇਸ ਵੱਲ੍ਹ ਹਰ ਅਹਮਦੀ ਨੂੰ ਧਿਆਨ ਦੇਣਾ ਚਾਹੀਦਾ ਹੈ। ਪਾਕਿਸਤਾਨ ਵਿੱਚ ਅਹਮਦੀਆਂ ਦੇ ਹਾਲਾਤ ਵੀ ਬਹੁਤ ਖਰਾਬ ਹੋ ਰਹੇ ਹਨ। ਉਨ੍ਹਾਂ ਲਈ ਵੀ ਦੁਆ ਕਰੋ। ਬੰਗਲਾਦੇਸ਼ ਦੇ ਅਹਮਦੀਆਂ ਦੇ ਹਾਲਾਤ ਲਈ ਦੁਆ ਕਰੋ। ਉਨ੍ਹਾਂ ਲੋਕਾਂ ਉੱਤੇ ਵੀ ਬਹੁਤ ਸਖਤੀਆਂ ਹਨ। ਰੱਬ ਸਭ ਉੱਤੇ ਰਹਿਮ ਅਤੇ ਫ਼ਜ਼ਲ ਕਰੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ
اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ
یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ